# ਸੰਵਾਦ

ISSN : 2395-1273
www.sanvad.org

21 ਵਾਂ ਅੰਕ
ਜਨਵਰੀ-ਜੂਨ 2025



Refugee Women (S.L. Prashar) Partition Museum

ESTD. 1892
ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ

ਛਿਮਾਹੀ ਖੋਜ ਰਸਾਲਾ
ਜਨਵਰੀ-ਜੂਨ 2025
ਅੰਕ-21ਵਾਂ

ISSN : 2395-1273

# ਸੰਵਾਦ

ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

*A Peer Reviewed Punjabi Research Journal*

ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ

**ਸਰਪ੍ਰਸਤ**
ਡਾ. ਅਰਵਿੰਦਰ ਕੌਰ ਕਾਹਲੋਂ
ਪ੍ਰਿੰਸੀਪਲ (ਕਾਰਜਕਾਰੀ)
ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**
ਡਾ. ਆਤਮ ਸਿੰਘ ਰੰਧਾਵਾ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ
**ਖ਼ਾਲਸਾ ਕਾਲਜ ਅੰਮ੍ਰਿਤਸਰ-143002**

// Sanvad

(Dialogic)

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

**Patron :** *Dr. A. K. Kahlon* **+91 98724-56833**

**Chief Editor:** *Dr. Atam Singh Randhawa* **+91 98722-17273**

**ISSN : 2395-1273** | **January-June 2025**

**ਸਲਾਹਕਾਰ ਬੋਰਡ**

**ਡਾ. ਮਹਿਲ ਸਿੰਘ**

ਵਾਈਸ ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**

ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ

**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**

**ਚੰਦਾ ਭੇਜਣ ਤੇ ਮਿਲਣ ਦਾ ਪਤਾ**

**ਪ੍ਰਿੰਸੀਪਲ**

**ਖ਼ਾਲਸਾ ਕਾਲਜ, ਅੰਮ੍ਰਿਤਸਰ**

khalsacollegeamritsar@yahoo.com

www.khalsacollege.edu.in

**ਚੰਦਾ**

| | | |
|---|---|---|
| **ਜੀਵਨ ਮੈਂਬਰ** | : | ₹ 3000 |
| **ਪੰਜ ਸਾਲਾ** | : | ₹ 1800 |
| **ਇਹ ਅੰਕ** | : | ₹ 200 |

Online Payment: **A/c : 3397000100467796 IFSC : PUNB0339700**

Punjab National Bank Kot Khalsa, Amritsar

**© Principal, Khalsa College Amritsar**

**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ


**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 11ਵਾਂ, ਅੰਕ - 21ਵਾਂ || ਜਨਵਰੀ-ਜੂਨ 2025**


## ਤਤਕਰਾ


- **ਸੰਪਾਦਕੀ** 5
- **ਕੁਆਂਟਮ ਕਾਵਿ-ਸ਼ਾਸਤਰ** 9
  ਅਮਰਜੀਤ ਸਿੰਘ ਗਰੇਵਾਲ
- **ਤੂਤਾਂ ਵਾਲਾ ਖੂਹ : ਸਮਾਜ-ਇਤਿਹਾਸ ਦਾ ਗਲਪੀ ਦਸਤਾਵੇਜ਼** 16
  ਡਾ. ਮਹਿਲ ਸਿੰਘ
- **ਦੇਸ਼ ਵੰਡ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ : ਇਕ ਸੰਖੇਪ ਵਿਸ਼ਲੇਸ਼ਣ** 22
  ਡਾ. ਰਣਜੀਤ ਸਿੰਘ ਘੁੰਮਣ
- **ਪੰਜਾਬ ਵੰਡ (1947) : ਭੂਗੋਲ, ਆਰਥਿਕਤਾ ਅਤੇ ਕਿਸਾਨੀ ਉੱਪਰ ਪ੍ਰਭਾਵ** 28
  ਡਾ. ਸੁਖਦੇਵ ਸਿੰਘ ਸੋਹਲ
- **ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ : ਪੰਜਾਬੀ ਲੋਕਧਾਰਾ ਦਾ ਭਰ ਵਹਿੰਦਾ ਦਰਿਆ** 36
  ਡਾ. ਜਸਵਿੰਦਰ ਸਿੰਘ
- **ਸਰੋਦ ਸੁਦੀਪ : ਸਗਲ ਸਰੂਪ ਦਾ ਸੰਕੇਤੀ ਸੰਚਾਰ** 44
  ਡਾ. ਸਰਬਜੀਤ ਸਿੰਘ
- **ਪੰਜਾਬ ਦੀ ਵੰਡ : ਇਕ ਤ੍ਰਾਸਦੀ ਦੇ ਛੇ ਅਧਿਆਇ** 55
  ਡਾ. ਅਮਨਪ੍ਰੀਤ ਸਿੰਘ ਗਿੱਲ
- **ਉਤਰ-ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਮਕਾਲੀ ਪੰਜਾਬੀ ਕਹਾਣੀ** 63
  ਡਾ. ਪਰਮਜੀਤ ਕੌਰ ਸਿੱਧੂ
- **ਬਾਰਹਮਾਹ ਤੁਖਾਰੀ : ਵਿਯੋਗ-ਗ੍ਰਸਤ ਇਸਤਰੀ ਦੀ ਵੇਦਨਾ ਦਾ ਕਾਵਿ-ਕਥਨ** 69
  ਡਾ. ਪਰਮਿੰਦਰ ਸਿੰਘ
- **ਧੁਨੀ ਸਿਧਾਂਤ ਦੇ ਪ੍ਰਸੰਗ ਵਿਚ 'ਹੀਰ ਵਾਰਿਸ' ਦਾ ਵਿਸ਼ਲੇਸ਼ਣ** 75
  ਡਾ. ਰਜਨੀ ਬਾਲਾ
- **ਪਾਂਧੀ ਨਨਕਾਣਵੀਂ ਦੇ ਨਾਟਕ : 'ਰਾਤ ਵੇਲੇ ਸਰਘੀ ਵੇਲੇ' ਦੀਆਂ ਸੰਵਾਦੀ ਜੁਗਤਾਂ** 84
  ਨਿੰਦਰਪਾਲ ਸਿੰਘ ਅਤੇ ਡਾ. ਨਛੱਤਰ ਸਿੰਘ

❒ **ਸਾਹਿਤਕ ਬਿਰਤਾਂਤ, ਡਿਜੀਟਲ ਸੰਚਾਰ ਅਤੇ ਸੱਤਾ** 91
ਡਾ. ਸਰਬਜੀਤ ਸਿੰਘ

❒ **ਡਾ. ਜੋਗਿੰਦਰ ਸਿੰਘ ਰਾਹੀ ਦਾ ਨਾਵਲ ਚਿੰਤਨ ਅਤੇ ਸਮਕਾਲੀ ਪੰਜਾਬੀ ਨਾਵਲ ਆਲੋਚਨਾ** 97
ਡਾ. ਪ੍ਰਕਾਸ਼ ਸਿੰਘ

❒ **ਗਾਈਤਰੀ ਚੱਕਰਵਰਤੀ ਸਪੀਵਾਕ ਦਾ ਸਬਾਲਟਰਨ ਪਰਿਪੇਖ** 112
ਡਾ. ਸਤਵੀਰ ਸਿੰਘ

❒ **ਅੱਲਾਮਾ ਇਕਬਾਲ ਦੀ ਪੰਜਾਬੀਅਤ : ਆਲੋਚਨਾਤਮਕ ਦ੍ਰਿਸ਼ਟੀਕੋਣ** 124
ਡਾ. ਗੁਰਪ੍ਰੀਤ ਸਿੰਘ ਸੋਢੀ

❒ **ਲਾਹੌਰ ਦਾ ਪਾਗਲਖਾਨਾ : ਦੇਸ਼-ਵੰਡ ਬਾਰੇ ਇਕ ਮਹੱਤਵਪੂਰਨ ਦਸਤਾਵੇਜ਼** 128
ਡਾ. ਰੁਪਿੰਦਰ ਕੌਰ

❒ **ਲੈਵਿਸ ਹੈਨਰੀ ਮਾਰਗਨ ਦਾ ਚਿੰਤਨ : 'ਪੁਰਾਤਨ ਸਮਾਜ' ਦੇ ਪ੍ਰਸੰਗ ਵਿਚ** 131
ਦਲਜੀਤ ਕੌਰ

❒ **ਵਾਰਿਸ ਸ਼ਾਹ ਰਚਿਤ 'ਹੀਰ' ਵਿਚ ਛੰਦ, ਤਾਲ, ਰਾਗ ਅਤੇ ਰਸ ਦਾ ਅੰਤਰ-ਸਬੰਧ** 138
ਡਾ. ਪਵਨ ਸਰਵਰ

❒ **ਕਸ਼ਮੀਰ ਸੰਕਟ, ਇਤਿਹਾਸ ਅਤੇ ਸਮਕਾਲ ਨਾਲ ਸਬੰਧਤ**
**ਪੰਜਾਬੀ ਨਾਵਲ ਸਮਾਜ ਸਭਿਆਚਾਰਕ ਪਰਿਪੇਖ** 147
ਕੁਲਜੀਤ ਸਿੰਘ

❒ **ਸੁਖਜੀਤ ਦਾ ਕਹਾਣੀ ਜਗਤ : ਵਸਤੂ ਅਤੇ ਵਿਧੀ** 156
ਡਾ. ਨਵਜੋਤ ਕੌਰ

**ਪੁਸਤਕ ਰੀਵਿਊ :**


- **ਚੁਰਾਸੀ ਲੱਖ ਯਾਦਾਂ (ਨਾਵਲ)/ਜਸਬੀਰ ਮੰਡ** : ਡਾ. ਮਹਿਲ ਸਿੰਘ 163
- **ਪਰਛਾਵਿਆਂ ਦੀ ਜੂਨ ਭੋਗਦੇ ਅਕਾਰਾਂ ਦਾ ਧੁਰਦੇਸ : ਚੁਰਾਸੀ ਲੱਖ ਯਾਦਾਂ** : ਡਾ. ਯਾਦਵਿੰਦਰ ਸਿੰਘ 165
- **ਮਨੁ ਪੰਖੀ ਭਇਓ (ਨਾਵਲ)/ਮਨਮੋਹਨ** : ਡਾ. ਹਰਪ੍ਰੀਤ ਸਿੰਘ 168
- **ਪੰਜਾਬੀ ਸਾਹਿਤ-ਇਤਿਹਾਸ ਤੇ ਇਤਿਹਾਸਕਾਰੀ (ਆਲੋਚਨਾ)/ਡਾ. ਹਰਿਭਜਨ ਸਿੰਘ ਭਾਟੀਆ** 170
  ਡਾ. ਪਰਮਜੀਤ ਢੀਂਗਰਾ


◈



# ਦੇਸ਼ ਵੰਡ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ

## ਇਕ ਸੰਖੇਪ ਵਿਸ਼ਲੇਸ਼ਣ


**ਡਾ. ਰਣਜੀਤ ਸਿੰਘ ਘੁੰਮਣ**

ਪ੍ਰੋਫ਼ੈਸਰ ਆਫ਼ ਐਮੀਨੈਂਸ (ਅਰਥ-ਵਿਗਿਆਨ ਵਿਭਾਗ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
ਅਤੇ ਸਾਬਕਾ ਪ੍ਰੋਫ਼ੈਸਰ, ਮੁਖੀ (ਅਰਥ ਵਿਗਿਆਨ ਵਿਭਾਗ) ਪੰਜਾਬੀ ਯੂਨੀਵਰਸਿਟੀ, ਪਟਿਆਲਾ
✆ 9872220714


14-15 ਅਗਸਤ 1947 ਨੂੰ ਜਿਥੇ ਪਾਕਿਸਤਾਨ ਅਤੇ ਭਾਰਤ ਆਜ਼ਾਦੀ ਦੇ ਜਸ਼ਨ ਮਨਾ ਰਹੇ ਸਨ, ਉਥੇ ਪੰਜਾਬ ਦੇ ਲੋਕ ਅਚਨਚੇਤ ਅਤੇ ਅਣ-ਕਿਆਸੀਆਂ ਮੁਸੀਬਤਾਂ ਦੇ ਕਹਿਰ ਨਾਲ ਜੂਝ ਰਹੇ ਸਨ। ਅਗਸਤ 17, 1947 ਨੂੰ ਦੇਸ਼ ਦੀ ਵੰਡ ਕਰਨ ਵਾਲੇ ਰੈਡਕਲਿਫ ਐਵਾਰਡ ਦੇ ਜਨਤਕ ਹੁੰਦਿਆਂ ਹੀ, ਸਦੀਆਂ ਦੀ ਮਨੁੱਖੀ ਸਾਂਝ ਤਹਿਸ-ਨਹਿਸ ਹੋ ਗਈ ਅਤੇ ਘੜੀਆਂ-ਪਲਾਂ ਵਿਚ ਹੀ ਮਨੁੱਖੀ ਖ਼ੂਨ ਚਿੱਟਾ ਹੋ ਗਿਆ। ਲੋਕ ਇਕ-ਦਮ ਹਿੰਦੂ, ਸਿੱਖ ਅਤੇ ਮੁਸਲਮਾਨਾਂ ਵਿਚ ਵੰਡੇ ਗਏ। ਅਣਵੰਡੇ ਦੇਸ਼ ਦੇ ਦੋ ਸੂਬਿਆਂ-ਪੰਜਾਬ ਅਤੇ ਬੰਗਾਲ ਨੂੰ ਵੰਡ ਦਾ ਸਭ ਤੋਂ ਵੱਧ ਸੰਤਾਪ ਝੱਲਣਾ ਪਿਆ। ਵੰਡ ਨੇ ਮਨੁੱਖੀ ਮਾਨਸਿਕਤਾ ਨੂੰ ਨਾ ਪੂਰੇ ਜਾਣ ਵਾਲੇ ਜ਼ਖ਼ਮ ਦਿੱਤੇ ਜੋ ਅੱਜ ਤਕ ਰਿਸ ਰਹੇ ਹਨ।

ਭਾਵੇਂ ਵੰਡ ਨੂੰ 77 ਸਾਲ ਹੋ ਗਏ ਹਨ ਪਰ ਕੁਝ ਸੁਆਲ ਵਾਰ-ਵਾਰ ਜ਼ਿਹਨ ਵਿਚ ਆਉਂਦੇ ਹਨ: ਆਖਿਰ, ਅਜਿਹਾ ਕੀ ਵਾਪਰਿਆ ਕਿ ਪਲਾਂ-ਛਿਨ੍ਹਾਂ ਵਿਚ ਹੀ ਭਾਈਚਾਰਕ ਸਾਂਝ ਤਾਰ-ਤਾਰ ਹੋ ਗਈ ਅਤੇ ਲੋਕ ਇਕ-ਦੂਜੇ ਧਰਮ ਦੇ ਲੋਕਾਂ ਦੇ ਖ਼ੂਨ ਦੇ ਪਿਆਸੇ ਹੋ ਗਏ। ਮਨੁੱਖੀ ਮਾਨਸਿਕਤਾ ਅਤੇ ਜ਼ਮੀਰ ਕਿਉਂ ਮਰ ਮੁੱਕ ਗਈ? ਮਨੁੱਖੀ-ਹੈਵਾਨੀਅਤ ਸਾਰੀਆਂ ਹੱਦਾ ਬੰਨੇ ਕਿਉਂ ਅਤੇ ਕਿਵੇਂ ਟੱਪ ਗਈ? ਰੋਟੀ-ਬੇਟੀ ਦੀ ਸਾਂਝ ਇਕ ਦਮ ਕਿਉਂ ਛਿਨ-ਭੰਗਰ ਹੋ ਗਈ? ਜੇ ਦੇਸ਼-ਵੰਡ ਹੋ ਹੀ ਗਈ ਸੀ ਤਾਂ ਲੱਖਾਂ ਲੋਕਾਂ ਨੂੰ ਕਿਉਂ ਮਾਰਿਆ ਗਿਆ? ਹਜ਼ਾਰਾਂ ਔਰਤਾਂ ਨਾਲ ਬਲਾਤਕਾਰ ਕਿਉਂ ਕੀਤਾ ਗਿਆ? ਕਿਓ ਹਜ਼ਾਰਾਂ ਔਰਤਾਂ ਨੂੰ ਅਗਵਾ ਕੀਤਾ ਗਿਆ? ਅਜਿਹੇ ਕਈ ਸੁਆਲ ਅੱਜ ਵੀ ਸਮਾਜਕ, ਸਭਿਆਚਾਰਕ, ਧਾਰਮਿਕ ਅਤੇ ਰਾਜਨੀਤਕ ਨੇਤਾਵਾਂ ਤੋਂ ਜੁਆਬ ਮੰਗ ਰਹੇ ਹਨ।

ਮੈਂ ਦੇਸ਼ ਦੀ ਵੰਡ ਪਿੱਛੇ ਤਾਕਤਾਂ ਅਤੇ ਮਨਸੂਬਿਆਂ ਦੀ ਬਹਿਸ ਵਿਚ ਨਹੀਂ ਪੈਣਾ ਚਾਹੁੰਦਾ ਕਿਉਂਕਿ ਇਹ ਇਕ ਤਲਖ ਹਕੀਕਤ ਹੈ ਕਿ ਪਿਛਲੇ 77 ਸਾਲਾਂ ਤੋਂ ਭਾਰਤ ਅਤੇ ਪਾਕਿਸਤਾਨ ਦੋ ਵੱਖ-ਵੱਖ ਅਜ਼ਾਦ ਪ੍ਰਭੂਸੱਤਾ ਵਾਲੇ ਦੇਸ਼ ਹਨ। ਮੇਰੇ ਲਈ ਇਹ ਸੁਆਲ ਮਹੱਤਵਪੂਰਨ ਹੈ ਕਿ ਦੋਵੇਂ ਦੇਸ਼ ਹੁਣ ਤਕ ਚੰਗੇ ਗੁਆਂਢੀਆਂ ਵਾਂਗ ਕਿਉਂ ਨਹੀਂ ਰਹਿ ਸਕੇ? ਇਸ ਦੇ ਨਾਲ ਜੁੜਿਆ ਇਹ ਸੁਆਲ ਵੀ ਹੈ ਕਿ ਉਹ ਕਿਹੜੀਆਂ ਸ਼ਕਤੀਆਂ ਹਨ ਜੋ ਭਾਰਤ ਅਤੇ ਪਾਕਿਸਤਾਨ ਦੇ ਆਪਸੀ ਸਬੰਧ ਆਪਸੀ ਸਾਂਝ ਵਾਲੇ ਨਹੀਂ ਬਣਨ ਦੇਣ ਦਿੰਦੀਆਂ? ਭਾਵੇਂ ਦੇਸ਼ ਵੰਡ ਹੁਣ 78ਵੇਂ ਸਾਲ ਵਿਚ ਦਾਖਲ ਹੋ ਚੁੱਕੀ ਹੈ ਅਤੇ ਵੰਡ ਦਾ ਦੁਖਾਂਤ ਹੁਣ ਇਕ ਇਤਿਹਾਸ ਬਣ ਚੁੱਕਾ ਹੈ ਫਿਰ ਵੀ ਇਹ ਜਾਣਨਾ ਵਾਜਿਬ ਹੋਵੇਗਾ ਕਿ ਉਹ ਕਿਹੜੀਆਂ ਸ਼ਕਤੀਆਂ ਸਨ ਜਿਨ੍ਹਾਂ ਨੇ ਦੇਸ਼ ਵੰਡ ਤੋਂ ਪਹਿਲਾਂ ਹੀ ਪੰਜਾਬ ਦੇ ਲੋਕਾਂ ਦੇ ਮਨਾ ਵਿਚ ਇਸ ਹੱਦ ਤਕ ਮਜ਼ਬੀ ਜਨੂੰਨ ਭਰਿਆ ਕਿ ਉਹ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਬਣ ਗਏ?

ਉਪਰੋਕਤ ਸਾਰੇ ਸੁਆਲਾਂ ਦੇ ਉਤਰ ਵੰਡ ਨਾਲ ਸਬੰਧਿਤ ਹੁਣ ਤਕ ਦੀਆਂ ਸਾਹਿਤਕ, ਰਾਜਨੀਤਕ ਅਤੇ ਇਤਿਹਾਸਕ ਲਿਖਤਾਂ ਅਤੇ ਦਸਤਾਵੇਜ਼ਾਂ ਵਿਚੋਂ ਲੱਭੇ ਜਾ ਸਕਦੇ ਹਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਆਜ਼ਾਦੀ ਤੋਂ ਕੋਈ ਦੋ ਕੁ ਦਹਾਕੇ ਪਹਿਲਾਂ ਦੀ ਧਾਰਮਿਕ ਕੱਟੜਤਾ, ਮਜ਼ਬੀ ਜਨੂੰਨ, ਸੰਕੀਰਨ ਸੋਚ ਅਤੇ ਮੌਕਾਪ੍ਰਸਤੀ ਵਿਚ ਰੰਗੀ ਸਿਆਸਤ ਹੀ ਸਾਰੇ ਕੁਝ ਲਈ ਜ਼ਿੰਮੇਵਾਰ ਸੀ। ਅਜਿਹੀ ਸਿਆਸਤ ਕਾਰਨ ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਵਿਚ ਫਿਰਕੂ ਪਛਾਣ ਦੀ ਪ੍ਰਵਿਰਤੀ ਅਤੇ ਇਕ-ਦੂਜੇ ਪ੍ਰਤੀ ਨਫ਼ਰਤ ਦਿਨ-ਬ-ਦਿਨ ਭਾਰੂ ਹੁੰਦੀ ਗਈ। ਹੋਰਨਾਂ ਤੋਂ ਇਲਾਵਾਂ ਮੁਸਲਿਮ ਲੀਗ, ਹਿੰਦੂ ਮਹਾਂ ਸਭਾ ਅਤੇ ਸਿੱਖ ਪੰਥਕ ਪਾਰਟੀ ਦੀ ਫਿਰਕੂਵਾਦੀ ਅਤੇ ਮਜ਼ਬੀ ਜਨੂੰਨ ਵਿਚ ਰੰਗੀ ਸਿਆਸਤ (ਅੰਗਰੇਜ਼ੀ ਹਕੂਮਤ ਦੇ ਨਾਪਾਕ ਮਨਸੂਬਿਆਂ ਤੋਂ ਬਿਨ੍ਹਾਂ) ਵੰਡ ਅਤੇ ਵੰਡ ਪਿਛੋਂ ਹੋਈ ਕਤਲੋਗਾਰਤ, ਜਿਨਸੀ ਸ਼ੋਸ਼ਣ ਅਤੇ ਜਬਰਨ ਪ੍ਰਵਾਸ ਲਈ ਮੁੱਖ ਜ਼ਿੰਮੇਵਾਰ ਜਾਪਦੇ ਹਨ।

ਇਸਤਿਆਕ ਅਹਿਮਦ ਆਪਣੀ ਕਿਤਾਬ *"The Punjab: Bloodied, Partitioned and Cleansed'* (2011 ਅਤੇ 2022) ਵਿਚ ਇਤਿਹਾਸਕ ਦਸਤਾਵੇਜ਼ਾਂ ਅਤੇ ਜਨਤਕ ਹੋਈ ਗੁਪਤ (classified) ਜਾਣਕਾਰੀ ਨੂੰ ਖੰਘਾਲ ਕੇ ਲਿਖਦਾ ਹੈ ਕਿ ਵੰਡ ਤੋਂ ਪਹਿਲਾਂ ਦੇ ਹਾਲਾਤ ਅਤੇ ਵੰਡ ਤੋਂ ਫ਼ੌਰਨ ਬਾਅਦ (ਖਾਸ ਕਰਕੇ 15 ਅਗਸਤ ਤੋ 31 ਦਸੰਬਰ 1947 ਤਕ) ਵਾਪਰੀਆਂ ਅਣ-ਮਨੁੱਖੀ ਘਟਨਾਵਾਂ ਇਸ ਗੱਲ ਦਾ ਸਬੂਤ ਹਨ ਕਿ ਮੁਸਲਿਮ ਲੀਗ ਨੇ ਪੱਛਮੀ ਪੰਜਾਬ ਨੂੰ ਹਿੰਦੂਆਂ ਅਤੇ ਸਿੱਖਾਂ ਤੋਂ ਮੁਕਤ ਕਰਾਉਣ (ਭਾਵ ਭਜਾਉਣ) ਅਤੇ ਹਿੰਦੂ-



**www.sanvad.org**
ISSN : 2395-1273

ਮਹਾਂ ਸਭਾ ਅਤੇ ਸਿੱਖ ਪੰਥਕ ਪਾਰਟੀ ਨੇ ਪੂਰਬੀ ਪੰਜਾਬ ਨੂੰ ਮੁਸਲਮਾਨਾਂ ਤੋਂ ਮੁਕਤ ਕਰਾਉਂਣ ਦੀਆਂ ਯੋਜਨਾਵਾਂ ਪਹਿਲਾਂ ਤੋਂ (ਇਸ ਪਰਿਕਲਪਨਾ ਦੇ ਆਧਾਰ ’ਤੇ ਕਿ ਜੇ ਵੰਡ ਹੁੰਦੀ ਹੈ ਤਾਂ) ਹੀ ਬਣਾਈਆਂ ਹੋਈਆਂ ਸਨ। ਵੰਡ ਤੋਂ ਬਾਅਦ ਪੰਜਾਬ ਵਿਚ 5 ਲੱਖ ਤੋਂ 8 ਲੱਖ ਲੋਕਾਂ ਦਾ ਕਤਲ (ਜਦ ਕਿ ਭਾਰਤ ਦੇ ਦੂਜੇ ਪ੍ਰਾਂਤਾਂ ਵਿਚ 2 ਲੱਖ ਲੋਕ ਮਾਰੇ ਗਏ), ਤਕਰੀਬਨ 90000 ਲੋਕਾਂ ਨੂੰ ਅਗਵਾ ਕਰਨ, ਹਜ਼ਾਰਾਂ ਔਰਤਾਂ ਦਾ ਜਿਨਸੀ ਸ਼ੋਸ਼ਣ ਅਤੇ ਕਤਲ ਅਤੇ ਇਕ ਕਰੋੜ (ਤਦ ਦੇ ਪੰਜਾਬ ਪ੍ਰਾਂਤ ਦੀ ਕੁਲ ਆਬਾਦੀ ਦਾ ਲਗਭਗ 30 ਫੀਸਦੀ) ਤੋਂ ਉਪਰ ਲੋਕਾਂ ਦਾ ਜਬਰੀ/ਮਜਬੂਰਨ ਪ੍ਰਵਾਸ ਉਪਰੋਕਤ ਪਰਿਕਲਪਨਾ ਨੂੰ ਸਿੱਧ ਕਰਦਾ ਹੈ। ਇਸ ਪਿੱਛੇ ਨਸਲੀ ਸ਼ੁੱਧਤਾ ਅਤੇ ਨਸਲਕੁਸ਼ੀ ਦੀ ਮਾਨਸਿਕਤਾ ਕੰਮ ਕਰ ਰਹੀ ਸੀ।

ਇਸ ਤੋਂ ਪਹਿਲਾਂ ਕਿ ਵਾਹਗਾ-ਬਾਰਡਰ ਰਾਹੀਂ ਭਾਰਤ-ਪਾਕਿਸਤਾਨ ਦੇ ਵਪਾਰ ਬੰਦ ਹੋਣ ਕਾਰਨ ਪੰਜਾਬ ’ਤੇ ਪਏ ਪ੍ਰਭਾਵਾਂ ਦੀ ਗੱਲ ਕੀਤੀ ਜਾਵੇ, ਬਿਹਤਰ ਹੋਵੇਗਾ ਕਿ ਅਣਵੰਡੇ ਪੰਜਾਬ ਅਤੇ ਵੰਡ ਤੋਂ ਬਾਅਦ ਵਾਲੇ ਪੰਜਾਬ ਬਾਰੇ ਕੁਝ ਹੋਰ ਤੱਥ ਜਾਣ ਲਏ ਜਾਣ। ਸੰਨ 1901 ਵਿਚ ਪੰਜਾਬ ਤੋਂ ਪੰਜ ਸਰਹੱਦੀ ਜਿਲ੍ਹੇ (ਪੇਸ਼ਾਵਰ, ਕੋਹਾਟ, ਬਨੂੰ, ਹਜਾਰਾ ਅਤੇ ਡੇਰਾ ਇਸਮਾਈਲ ਖਾਨ) ਅਲੱਗ ਕਰਕੇ ਉਤਰ-ਪੱਛਮੀਂ ਸਰਹੱਦੀ ਪ੍ਰਾਂਤ (North-West Frontier Province) ਬਣਾ ਦਿੱਤਾ ਗਿਆ। ਫਿਰ ਜਦ 1911 ਵਿਚ ਅੰਗਰੇਜ਼ੀ ਸਾਮਰਾਜ ਨੇ ਦਿੱਲੀ ਨੂੰ ਆਪਣੀ ਰਾਜਧਾਨੀ ਬਣਾਇਆ ਤਾਂ ਦਿੱਲੀ ਨੂੰ ਪੰਜਾਬ ਤੋਂ ਅਲੱਗ ਕਰ ਦਿੱਤਾ ਗਿਆ। ਉਸ ਤੋਂ ਬਾਅਦ 17 ਅਗਸਤ 1947 ਤਕ ਅੰਗਰੇਜ਼ੀ ਰਾਜ ਅਧੀਨ ਅਤੇ ਰਿਆਸਤਾਂ ਦੇ ਅਧੀਨ ਵਾਲੇ ਇਲਾਕੇ ਨੂੰ ਪੰਜਾਬ ਪ੍ਰਾਂਤ ਵਜੋਂ ਜਾਣਿਆਂ ਜਾਂਦਾ ਰਿਹਾ। ਵੰਡ ਸਮੇਂ ਪੰਜਾਬ ਪ੍ਰਾਂਤ ਦਾ ਖੇਤਰਫ਼ਲ 3,57,692 ਵਰਗ ਕਿਲੋਮੀਟਰ ਸੀ। ਇਸ ਵਿਚੋਂ ਅੰਗਰੇਜ਼ਾਂ ਅਧੀਨ 5 ਪ੍ਰਸ਼ਾਸ਼ਕੀ ਡਵੀਜ਼ਨਾਂ (ਰਾਵਲਪਿੰਡੀ, ਮੁਲਤਾਨ, ਲਾਹੌਰ, ਜਲੰਧਰ ਅਤੇ ਅੰਬਾਲ਼ਾ) ਅਤੇ 29 ਜਿਲ੍ਹੇ ਸਨ। ਇਨ੍ਹਾਂ ਵਿਚੋਂ 12 ਜਿਲ੍ਹੇ (ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜ਼ਪੁਰ, ਜਲੰਧਰ, ਲੁਧਿਆਣਾ, ਹੁਸ਼ਿਆਰਪੁਰ, ਕਾਂਗੜਾ, ਅੰਬਾਲਾ, ਹਿਸਾਰ, ਰੋਹਤਕ, ਕਰਨਾਲ ਅਤੇ ਸ਼ਿਮਲਾ) ਭਾਰਤੀ ਪੰਜਾਬ ਦੇ ਅਤੇ ਬਾਕੀ ਦੇ ਪਾਕਿਸਤਾਨੀ ਪੰਜਾਬ ਦੇ ਹਿੱਸੇ ਆਏ। ਬਾਅਦ ਵਿਚ ਕਾਂਗੜਾ ਅਤੇ ਸ਼ਿਮਲਾ ਹਿਮਾਚਲ ਨੂੰ ਦੇ ਦਿੱਤੇ ਗਏ। ਪਹਿਲੀ ਨਵੰਬਰ 1966 ਨੂੰ ਪੰਜਾਬ ਦੀ ਵੰਡ ਕਰਕੇ ਹਰਿਆਣਾ ਬਣਾ ਦਿੱਤਾ ਗਿਆ। ਇਸ ਤਰ੍ਹਾਂ ਮੌਜੂਦਾ ਪੰਜਾਬ ਕੇਵਲ 50362 ਵਰਗ ਕਿਲੋਮੀਟਰ (ਅਣਵੰਡੇ ਪੰਜਾਬ ਦਾ ਕੇਵਲ 14.08 ਫੀਸਦੀ) ਵਿਚ ਹੀ ਸਿਮਟ ਗਿਆ। ਇਸ ਦੇ ਮੁਕਾਬਲੇ ਹਿਮਾਚਲ ਦਾ ਖੇਤਰਫ਼ਲ 55673 ਵਰਗ ਕਿਲੋਮੀਟਰ ਅਤੇ ਹਰਿਆਣਾ ਦਾ 44212 ਵਰਗ ਕਿਲੋਮੀਟਰ ਹੈ। ਸਾਲ 1960 ਦੀ ਸਿੰਧ-ਜਲ-ਸੰਧੀ ਅਨੁਸਾਰ ਸਿੰਧ, ਜਿਹਲਮ ਅਤੇ ਚਨਾਬ ਦਰਿਆਵਾਂ ਦੇ ਪਾਣੀਆਂ ਦੀ ਵਰਤੋਂ ਦਾ ਅਧਿਕਾਰ ਪਾਕਿਸਤਾਨ ਨੂੰ ਅਤੇ ਰਾਵੀ, ਸਤਲੁਜ ਅਤੇ ਬਿਆਸ ਦਰਿਆਵਾਂ ਦੇ ਪਾਣੀਆਂ ਦੀ ਵਰਤੋਂ ਦਾ ਅਧਿਕਾਰ ਭਾਰਤ ਨੂੰ ਸੌਂਪ ਦਿੱਤਾ ਗਿਆ। ਸਾਲ 1941 ਦੀ ਜਨਗਣਨਾ ਅਨੁਸਾਰ ਪੰਜਾਬ ਪ੍ਰਾਂਤ ਦੀ ਕੁੱਲ ਜਨਸੰਖਿਆ 3 ਕਰੋੜ 39 ਲੱਖ ਸੀ। ਇਸ ਵਿਚ 53.2 ਫੀਸਦੀ ਮੁਸਲਮਾਨ, 29.1 ਫੀਸਦੀ ਹਿੰਦੂ, 14.9 ਫੀਸਦੀ ਸਿੱਖ, 1.5 ਫੀਸਦੀ ਈਸਾਈ ਅਤੇ 1.3 ਫੀਸਦੀ ਹੋਰ ਸਨ। ਰਿਆਸਤਾਂ ਨੂੰ ਛੱਡਕੇ ਅੰਗਰੇਜ਼ੀ ਰਾਜ ਅਧੀਨ ਵਾਲੇ ਪੰਜਾਬ ਦੀ ਕੁੱਲ ਵਸੋਂ 2 ਕਰੋੜ 84 ਲੱਖ ਸੀ। ਇਸ ਵਿਚੋਂ 57.6 ਫੀਸਦੀ ਮੁਸਲਮਾਨ, 26.56 ਫੀਸਦੀ ਹਿੰਦੂ ਅਤੇ 13.22 ਫੀਸਦੀ ਸਿੱਖ ਸਨ।

## ਭਾਰਤ-ਪਾਕਿਸਤਾਨ ਅਣ-ਸੁਖਾਵੇਂ ਸਬੰਧਾਂ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ

ਵੰਡ ਤੋਂ ਲੈ ਕੇ ਹੁਣ ਤਕ ਦੋਵੇਂ ਦੇਸ਼ ਆਪਸ ਵਿਚ ਦੋ ਲਘੂ (1948 ਵਿਚ ਕਸ਼ਮੀਰ ਦੀ ਅਤੇ 1999 ਵਿਚ ਕਾਰਗਿਲ ਦੀ) ਅਤੇ ਦੋ ਵੱਡੀਆਂ ਲੜਾਈਆਂ (1965 ਅਤੇ 1971) ਲੜ ਚੁੱਕੇ ਹਨ। ਪਰ ਦੋਵਾਂ ਵਿਚਾਲੇ ਝਗੜੇ ਦੀ ਜੜ੍ਹ ਅਜੇ ਵੀ ਖਤਮ ਨਹੀਂ ਹੋਈ। ਕਸ਼ਮੀਰ ਅਤੇ ਅੱਤਵਾਦ ਦੀਆਂ ਸਮੱਸਿਆਵਾਂ ਅਜੇ ਵੀ ਦੋਹਾਂ ਦੇਸ਼ਾਂ ਵਿਚਾਲੇ ਝਗੜੇ ਦੀ ਜੜ੍ਹ (ਜਿਉਂ ਦੇ ਤਿਉਂ) ਬਣੀਆਂ ਹੋਈਆਂ ਹਨ। ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਅੱਵਲ ਤਾਂ ਸੁਹਿਰਦ ਯਤਨ ਹੀ ਨਹੀਂ ਕੀਤੇ ਗਏ। ਪਰ ਜੇ ਕਦੀ ਕੀਤੇ ਵੀ ਗਏ ਹਨ ਤਾਂ ਇਹ ਹਮੇਸ਼ਾਂ ਹੀ ‘ਸੱਪ-ਸੀੜ੍ਹੀ’ ਦੀ ਖੇਡ ਬਣ ਕੇ ਰਹਿ ਗਏ। ਜਦ ਵੀ ਗੱਲਬਾਤ ‘99’ ਉਪਰ ਪਹੁੰਚਦੀ ਤਾਂ ਕੋਈ ਨਾ ਕੋਈ “ਜ਼ਹਿਰੀਲਾ ਸੱਪ” ਪ੍ਰਗਟ ਹੋ ਕੇ ਐਸਾ ਜ਼ਹਿਰ ਭਰਿਆ “ਡੰਗ” ਮਾਰਦਾ ਹੈ ਕਿ “ਖੇਡ” ਮੁੜ ਤੋਂ ਸਿਫ਼ਰ ’ਤੇ ਜਾ ਪਹੁੰਚਦੀ ਹੈ। ਰੱਬ/ਅੱਲਾ ਜਾਣੇ ਕਦੋਂ ਦੋਵੇਂ ਦੇਸ਼ ਇਨ੍ਹਾਂ ਜਟਿੱਲ ਸਮੱਸਿਆਵਾਂ ਦਾ ਹੱਲ ਲੱਭਣ ਸੰਜੀਦਾ ਯਤਨ ਕਰਨਗੇ ਅਤੇ ਕਾਮਯਾਬ ਹੋਣਗੇ। ਦੋਹਾਂ ਦੇਸ਼ਾਂ ਦੇ ਅੜੀਅਲ ਰਵੱਈਏ ਅਤੇ ਪਿਛਲੇ ਟਰੈਕ ਰਿਕਾਰਡ ਦੇ ਮੱਦੇ-ਨਜ਼ਰ ਨੇੜਲੇ ਭਵਿੱਖ ਵਿਚ ਅਜੇ ਕਿਸੇ ਸਾਰਥਕ ਹੱਲ ਦੀ ਕੋਈ ਉਮੀਦ ਨਹੀਂ ਜਾਪਦੀ। ਇਸਦੇ ਬਾਵਜੂਦ ਵੀ ਦੋਹਾਂ ਦੇਸ਼ਾਂ ਦੇ ਹਿੱਤ ਵਿਚ ਇਹੀ ਹੈ ਕਿ ਉਹ ਜਟਿੱਲ ਮਸਲਿਆਂ ਦੇ ਹੱਲ ਲਈ ਗੱਲਬਾਤ ਜਾਰੀ ਰੱਖਣ ਅਤੇ ਇਨ੍ਹਾਂ ਮਸਲਿਆਂ ਦੇ ਹੱਲ ਲੱਭਕੇ ਆਪਸੀ ਸਬੰਧ ਸੁਖਾਵੇਂ ਬਣਾਉਣ।

ਵੰਡ ਤੋਂ ਬਾਅਦ ਦੋਹਾਂ ਦੇਸ਼ਾਂ ਦੀ ਇਕ-ਦੂਜੇ ਉਪਰ ਵਪਾਰਕ ਨਿਰਭਰਤਾ ਕਾਫ਼ੀ ਸੀ ਕਿਉਂਕਿ ਅੰਗਰੇਜ਼ ਹਕੂਮਤ ਨੇ ਸਮੁੱਚੇ ਭਾਰਤ ਅਤੇ ਸਮੁੱਚੇ ਪੰਜਾਬ ਪ੍ਰਾਂਤ ਨੂੰ ਇਕ ਏਕੀਕ੍ਰਿਤ ਆਰਥਿਕਤਾ (integrated economy) ਵਜੋਂ ਵਿਕਸਤ ਕੀਤਾ ਸੀ। ਇਸ ਲਈ ਵੰਡ ਤੋਂ ਪਹਿਲਾਂ ਦੋਹਾਂ ਭਾਗਾਂ (ਭਾਰਤ ਅਤੇ ਪਾਕਿਸਤਾਨ) ਵਿਚਲਾ ਅੰਦਰੂਨੀ ਵਪਾਰ ਹੀ ਅੰਤਰ-ਰਾਸ਼ਟਰੀ ਵਪਾਰ ਵਿਚ ਬਦਲ ਗਿਆ। ਸਾਲ 1948-49 ਵਿਚ ਤਦ ਦੇ ਪਾਕਿਸਤਾਨ ਦੀਆਂ 56 ਫੀਸਦੀ ਬਰਾਮਦਾਂ ਭਾਰਤ ਨੂੰ ਸਨ ਅਤੇ ਤਕਰੀਬਨ 32 ਪ੍ਰਤੀਸ਼ਤ ਦਰਾਮਦਾਂ ਭਾਰਤ ਤੋਂ ਸਨ। ਇਸ ਵਿਚੋਂ ਜ਼ਮੀਨੀ ਰਸਤੇ ਰਾਹੀਂ ਵਪਾਰ ਦੀ ਕਾਫ਼ੀ ਮਾਤਰਾ ਸੀ। ਸੰਨ 1949 ਦੌਰਾਨ ਭਾਰਤ ਦੇ ਅਜੋਕੇ ਪਾਕਿਸਤਾਨ ਨਾਲ 1626 ਲੱਖ ਰੁਪਏ ਦਾ ਵਾਪਰ ਜ਼ਮੀਨੀ ਰਸਤੇ (ਮੁੱਖ ਤੌਰ ’ਤੇ ਵਾਹਗਾ ਸਰਹੱਦ) ਰਾਹੀਂ ਸੀ। ਭਾਰਤ ਦਾ ਤਦ ਦੇ ਪਾਕਿਸਤਾਨ ਨਾਲ ਜਮੀਨੀ ਰਸਤੇ ਰਾਹੀਂ ਕੁੱਲ ਵਪਾਰ (7406 ਲੱਖ ਰੁਪਏ) ਵਿਚੋਂ ਇਹ ਤਕਰੀਬਨ 21 ਫੀਸਦੀ ਸੀ। ਸਪੱਸ਼ਟ ਹੈ ਕਿ ਜਮੀਨੀ ਰਸਤਿਆਂ ਰਾਹੀਂ ਵਪਾਰ ਕਾਫ਼ੀ ਮਹੱਤਵਪੂਰਨ ਸੀ। ਪਰ ਬਾਅਦ ਦੇ ਸਾਲਾਂ ਵਿਚ ਦੋਹਾਂ ਦੇਸ਼ਾਂ ਵਿਚਕਾਰ ਵਪਾਰ ਦੀ ਮਾਤਰਾ ਬਹੁਤ ਘਟ ਗਈ। ਇਸ ਪਿੱਛੇ ਮੁੱਖ ਕਾਰਨ ਆਪਸੀ ਅਣਸੁਖਾਵੇਂ ਸਫ਼ਾਰਤੀ ਅਤੇ ਰਾਜਨੀਤਕ ਸਬੰਧ ਸਨ। ਸਾਲ 1965 ਦੀ ਲੜਾਈ ਤੋਂ ਬਾਅਦ ਤਕਰੀਬਨ 9 ਸਾਲ ਤਕ ਇਨ੍ਹਾਂ ਦਾ ਆਪਸੀ ਵਪਾਰ ਮੁਕੰਮਲ ਤੌਰ ’ਤੇ ਬੰਦ ਰਿਹਾ ਪਰ ਖਾੜੀ ਅਤੇ ਮੱਧ-ਪੂਰਬ ਏਸ਼ੀਆ ਦੇ ਕੁਝ ਦੇਸ਼ਾਂ ਰਾਹੀਂ ਦੋਹਾਂ ਗੁਆਂਢੀ ਦੇਸ਼ਾਂ ਦਾ ਆਪਸੀ ਵਪਾਰ ਕਾਫੀ ਹੱਦ ਤਕ ਹੁੰਦਾ ਰਿਹਾ। ਬੰਦਰਗਾਹਾਂ ਤੋਂ ਦੂਰ ਹੋਣ ਕਰਕੇ ਪੰਜਾਬ ਨੂੰ ਅਜਿਹਾ ਕਰਨਾ ਬਹੁਤ ਮਹਿੰਗਾ ਪੈ ਰਿਹਾ ਸੀ, ਇਸ ਕਰਕੇ ਵਪਾਰ-ਬੰਦੀ (trade embargo) ਦਾ ਪੰਜਾਬ ਉਪਰ ਬਹੁਤ ਮਾੜਾ ਪ੍ਰਭਾਵ ਪਿਆ। ਸਾਲ 1971 ਦੀ ਲੜਾਈ ਤੋਂ ਬਾਅਦ ਦੋਹਾਂ ਦੇਸ਼ਾਂ ਦੇ ਸਬੰਧ ਹੋਰ ਵੀ ਵਿਗੜ ਗਏ।

ਭਾਰਤ-ਪਾਕਿਸਤਾਨ ਵਪਾਰ 1975 ਵਿਚ ਮੁੜ ਸ਼ੁਰੂ ਹੋਣ ਦੇ ਬਾਵਜੂਦ ਵੀ ਵਾਹਗਾ-ਅਟਾਰੀ ਜਮੀਨੀ ਰਸਤੇ ਰਾਹੀਂ ਵਪਾਰ 2005 ਵਿਚ ਹੀ ਖੋਲ੍ਹਿਆ ਗਿਆ। ਸੋ, ਅਸਲ ਵਿਚ ਵਾਹਗਾ ਸਰਹੱਦ ਰਾਹੀਂ ਭਾਰਤ-ਪਾਕਿਸਤਾਨ ਵਪਾਰ 40 ਸਾਲ ਤਕ (1965 ਤੋਂ 2005) ਬੰਦ ਰਿਹਾ। ਇਸਦੇ ਫਲਸਰੂਪ ਪੰਜਾਬ ਨੂੰ ਬਹੁਤ ਵੱਡਾ ਆਰਥਿਕ ਘਾਟਾ ਪਿਆ। ਜਿਸਦਾ ਲੇਖਾ-ਜੋਖਾ ਕਰਨਾ ਬਣਦਾ ਹੈ। ਵਰਨਣਯੋਗ ਹੈ ਕਿ ਇਸ ਰੂਟ ’ਤੇ ਟਰੱਕਾਂ ਰਾਹੀਂ ਵਪਾਰ ਦੀ ਆਵਾਜਾਈ ਤਾਂ ਅਕਤੂਬਰ 2007 ਵਿਚ ਹੀ ਸ਼ੁਰੂ ਹੋਈ। ਅਟਾਰੀ ਸੰਯੁਕਤ ਚੈਕ ਪੋਸਟ (Integrated Check Post) ਬਣਨ ਨੂੰ ਤਾਂ ਹੋਰ ਪੰਜ ਸਾਲ ਲੱਗ ਗਏ। ਇਸ ਚੈਕ ਪੋਸਟ ਦਾ ਉਦਘਾਟਨ 13 ਅਪ੍ਰੈਲ 2012 ਨੂੰ ਕੀਤਾ ਗਿਆ। ਪਰ ਇਸ ਰਾਹੀਂ ਵਪਾਰ ਕੇਵਲ 138 ਵਸਤਾਂ ਤਕ ਹੀ ਸੀਮਤ ਰਿਹਾ ਅਤੇ ਕਈ ਸਾਲਾਂ ਬਾਅਦ ਇਸ ਵਿਚ ਹੋਰ ਵਸਤਾਂ ਜੋੜੀਆਂ ਗਈਆਂ। ਇਥੇ ਇਹ ਦੱਸਣਾ ਵੀ ਮਹੱਤਵਪੂਰਨ ਹੈ ਕਿ ਸੰਸਾਰ ਵਪਾਰ ਸੰਸਥਾ (World Trade Organization) ਸਮਝੌਤੇ ਤਹਿਤ ਭਾਰਤ ਨੇ 1996 ਵਿਚ ਪਾਕਿਸਤਾਨ ਨੂੰ ਐਮ.ਐਫ.ਐਨ. (Most Favoured Nation) ਦਾ ਦਰਜਾ ਦੇ ਦਿੱਤਾ ਸੀ ਪਰ ਪਾਕਿਸਤਾਨ ਨੇ ਭਾਰਤ ਨੂੰ ਅਜਿਹਾ ਦਰਜਾ ਅਜੇ ਤਕ ਨਹੀਂ ਦਿੱਤਾ। ਇਸ ਲਈ ਭਾਰਤ ਨੇ ਵੀ ਪਾਕਿਸਤਾਨ ਨੂੰ ਦਿੱਤਾ ਐਮ.ਐਫ.ਐਨ. ਦਰਜਾ ਬਾਅਦ ਵਿਚ ਵਾਪਸ ਲੈ ਲਿਆ। ਸੰਸਾਰ ਵਪਾਰ ਸੰਸਥਾ ਦੇ ਨਿਯਮਾਂ ਅਨੁਸਾਰ ਇਸ ਦੇ ਸਾਰੇ ਮੈਂਬਰ ਦੇਸ਼ਾਂ ਨੂੰ ਆਪਸੀ ਵਪਾਰ ਵਾਸਤੇ ਐਮ.ਐਫ.ਐਨ. ਦਾ ਦਰਜਾ ਦੇਣਾ ਲਾਜ਼ਮੀ ਹੁੰਦਾ ਹੈ। ਸਿੱਧੇ ਸ਼ਬਦਾਂ ਵਿਚ ਇਸ ਦਾ ਮਤਲਬ ਇਹ ਹੁੰਦਾ ਹੈ ਕਿ ਕਿਸੇ ਵੀ ਮੈਂਬਰ ਦੇਸ਼ ਵੱਲੋਂ ਆਪਣੇ ਦਰਾਮਦਾਂ ਅਤੇ ਬਰਾਮਦਾਂ ਨਾਲ ਸਬੰਧਿਤ ਜੋ ਛੋਟਾਂ, ਰਿਆਇਤਾਂ ਦਿੱਤੀਆਂ ਜਾਂਦੀਆਂ ਹਨ ਜਾਂ ਦਰਾਂ ਨਿਸਚਿਤ ਕੀਤੀਆਂ ਜਾਂਦੀਆਂ ਹਨ ਜਾਂ ਬੰਦਿਸ਼ਾਂ ਲਾਈਆਂ ਜਾਂਦੀਆਂ ਹਨ ਉਹ ਦੂਜੇ ਸਾਰੇ ਮੈਂਬਰ ਦੇਸ਼ਾਂ ਉੱਪਰ ਵੀ ਲਾਗੂ ਹੁੰਦੀਆਂ ਹਨ।

ਬਹੁਤ ਸਾਰੀਆਂ ਸੀਮਾਵਾਂ ਦੇ ਬਾਵਜੂਦ ਵਾਹਗਾ-ਅਟਾਰੀ ਰਾਹੀਂ ਭਾਰਤ-ਪਾਕਿਸਤਾਨ ਵਪਾਰ 2005 ਤੋਂ ਸੜਕੀ ਅਤੇ ਰੇਲ ਰਸਤੇ ਚਲਦਾ ਰਿਹਾ। ਪਰ 14 ਫਰਵਰੀ 2019 ਨੂੰ ਪਾਕਿਸਤਾਨੀ ਆਤੰਕੀਆਂ ਵਲੋਂ ਕੀਤੇ ਗਏ ਪੁਲਵਾਮਾਂ ਕਾਂਡ ਤੋਂ ਬਾਅਦ 16 ਫਰਵਰੀ ਨੂੰ ਭਾਰਤ ਨੇ ਪਾਕਿਸਤਾਨ ਤੋਂ ਦਰਾਮਦਾਂ ਉੱਪਰ 200 ਫੀਸਦੀ ਡਿਊਟੀ ਲਗਾ ਦਿੱਤੀ। ਭਾਰਤ ਵਲੋਂ 5 ਅਗਸਤ 2019 ਨੂੰ ਜੰਮੂ-ਕਸ਼ਮੀਰ ਪ੍ਰਾਂਤ ਵਿਚ ਧਾਰਾ 370 ਖਤਮ ਕਰਨ ਕਰਕੇ ਪਾਕਿਸਤਾਨ ਨੇ ਭਾਰਤ ਨਾਲ ਵਪਾਰ ਤੇ 9 ਅਗਸਤ 2019 ਤੋਂ ਪੂਰਨ ਪਾਬੰਦੀ ਲਾ ਦਿੱਤੀ। ਭਾਵੇਂ ਭਾਰਤ ਵਲੋਂ 200 ਫੀਸਦੀ ਡਿਊਟੀ ਲਗਾਉਣ ਦੀ ਵੀ ਲੋੜ ਨਹੀਂ ਸੀ ਪਰ ਪਾਕਿਸਤਾਨ ਵਲੋਂ ਲਾਈ ਗਈ ਪਾਬੰਦੀ ਨੂੰ ਵੀ ਵਾਜਬ ਨਹੀਂ ਠਹਿਰਾਇਆ ਜਾ ਸਕਦਾ। ਹੁਣ ਪੰਜ ਸਾਲ ਤੋਂ ਭਾਰਤ-ਪਾਕਿਸਤਾਨ ਵਪਾਰ ਅਧਿਕਾਰਤ ਤੌਰ ’ਤੇ ਬੰਦ ਪਿਆ ਹੈ। ਪਰ ਸਚਾਈ ਇਹ ਹੈ ਕਿ ਦੋਵੇਂ ਦੇਸ਼ ਸਮੁੰਦਰੀ ਰਸਤੇ ਰਾਹੀਂ (ਹੋਰ ਦੇਸ਼ਾਂ ਰਾਹੀਂ) ਆਪਸੀ ਵਪਾਰ ਜਾਰੀ ਰੱਖ ਰਹੇ ਹਨ। ਇਸ ਵਿਧੀ ਨਾਲ ਸਮੁੰਦਰੀ ਬੰਦਰਗਾਹਾਂ ਦੇ ਨੇੜਲੇ ਸੂਬਿਆਂ ਨੂੰ ਤਾਂ ਵਾਰਾ ਖਾ ਜਾਂਦਾ ਹੈ, ਪਰ

ਪੰਜਾਬ ਵਰਗੇ ਪ੍ਰਾਂਤ ਜਿਨ੍ਹਾਂ ਨੂੰ ਬੰਦਰਗਾਹਾਂ ਦੂਰ ਪੈਂਦੀਆਂ ਹਨ ਉਨ੍ਹਾਂ ਨੂੰ (ਲੱਦ-ਲਦਾਈ ਅਤੇ ਢੋਆ-ਢੁਆਈ ਉਪਰ ਲਾਗਤ ਅਤੇ ਸਮਾਂ ਕਈ ਗੁਣਾਂ ਵੱਧ ਹੋਣ ਕਾਰਨ) ਵਾਰਾ ਨਹੀਂ ਖਾਂਦਾ। ਇਸਦੇ ਮੁਕਾਬਲੇ ਪੰਜਾਬ ਜਾਂ ਇਸਦੇ ਨਾਲ ਲੱਗਦੇ ਸੂਬਿਆਂ ਨੂੰ ਵਾਹਗਾ-ਅਟਾਰੀ ਸਰਹੱਦ ਰਾਹੀਂ ਪਾਕਿਸਤਾਨ ਨਾਲ ਵਪਾਰ ਬਹੁਤ ਸਸਤਾ ਪੈਂਦਾ ਹੈ। ਪਰ ਇਹ ਰਸਤਾ ਤਾਂ ਵਪਾਰ ਲਈ ਪੰਜ ਸਾਲਾਂ ਤੋਂ ਬੰਦ ਪਿਆ ਹੈ।

ਸਪੱਸ਼ਟ ਹੈ ਕਿ ਵਾਹਗਾ-ਅਟਾਰੀ ਰਸਤੇ ਵਪਾਰ ਬੰਦ ਹੋਣ ਦਾ ਪੰਜਾਬ ਅਤੇ ਨਾਲ ਲੱਗਦੇ ਸੂਬਿਆਂ ਨੂੰ ਭਾਰੀ ਆਰਥਿਕ ਨੁਕਸਾਨ ਹੋ ਰਿਹਾ ਹੈ। ਹਕੀਕਤ ਤਾਂ ਇਹ ਹੈ ਕਿ ਜਦ ਵੀ ਭਾਰਤ-ਪਾਕਿਸਤਾਨ ਸਬੰਧ ਅਣਸੁਖਾਵੇਂ ਹੁੰਦੇ ਹਨ, ਇਹ ਵਪਾਰ ਰਸਤਾ ਅਕਸਰ ਹੀ ਬੰਦ ਹੋ ਜਾਂਦਾ ਹੈ ਅਤੇ ਪੰਜਾਬ ਨੂੰ ਅਜਿਹੇ ਵਰਤਾਰੇ ਦਾ ਸਭ ਤੋਂ ਵੱਧ ਆਰਥਿਕ ਨੁਕਸਾਨ ਝੱਲਣਾ ਪੈਂਦਾ ਹੈ। ਦੂਜੇ ਪਾਸੇ ਇਹ ਵੀ ਹਕੀਕਤ ਹੈ ਕਿ ਪਿਛਲੇ 77 ਸਾਲਾਂ ਦੌਰਾਨ ਭਾਰਤ-ਪਾਕਿਸਤਾਨ ਸਬੰਧ ਬਹੁਤ ਘੱਟ ਹੀ ਨਾਰਮਲ ਰਹੇ ਹਨ। ਅਜਿਹੇ ਹਲਾਤਾਂ ਕਰਕੇ ਜਿਥੇ ਪੰਜਾਬ ਵਰਗੇ ਸਰਹੱਦੀ ਸੂਬੇ ਨੂੰ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ ਉਥੇ ਭਾਰਤ ਅਤੇ ਪਾਕਿਸਤਾਨ ਆਪਸੀ ਵਪਾਰ ਦੀਆਂ ਸੰਭਾਵਨਾਵਾਂ ਤੋਂ ਵੀ ਪੂਰਾ ਫ਼ਾਇਦਾ ਨਹੀਂ ਉਠਾ ਸਕੇ। ਇਥੇ ਇਹ ਵੀ ਯਾਦ ਰੱਖਣਾ ਪਵੇਗਾ ਕਿ ਅੰਤਰ-ਰਾਸ਼ਟਰੀ ਵਪਾਰ ਆਰਥਿਕ ਵਿਕਾਸ ਦੇ ਇੰਜਣ ਦੇ ਤੌਰ ’ਤੇ ਕੰਮ ਕਰਦਾ ਹੈ।

ਮੇਰੀ ਆਪਣੀ ਖੋਜ ’ਤੇ ਅਧਾਰਿਤ ਅੰਕੜਿਆਂ ਅਤੇ ਅੰਦਾਜ਼ੇ ਮੁਤਾਬਿਕ ਭਾਰਤ-ਪਾਕਿਸਤਾਨ ਵਪਾਰ ਨੂੰ ਵਧਾਉਣ ਦੀਆਂ ਬਹੁਤ ਸੰਭਾਵਨਾਵਾਂ ਹਨ, ਜਿਸਦਾ ਦੋਹਾਂ ਦੇਸ਼ਾਂ ਨੂੰ ਆਰਥਿਕ ਅਤੇ ਸਿਆਸੀ ਲਾਹਾ ਮਿਲ ਸਕਦਾ ਹੈ। ਸਾਲ 1985 ਵਿਚ ਸੰਪੰਨ ਹੋਈ ਮੇਰੀ ਪੀਐਚ.ਡੀ. ਖੋਜ ਦੀ ਅਤੇ 1986 ਵਿਚ ਛਪੀ ਕਿਤਾਬ- *Indo-Pakistan Trade Relations* ਅਨੁਸਾਰ 1995 ਵਿਚ ਦੋਹਾਂ ਦੇਸ਼ਾਂ ਵਿਚਕਾਰ 66,930 ਲੱਖ ਡਾਲਰ ਦਾ ਵਪਾਰ ਹੋਣ ਦੀਆਂ ਸੰਭਾਵਨਵਾਂ ਸਨ। ਪਰ ਅਸਲ ਵਪਾਰ ਬਹੁਤ ਘੱਟ (1220 ਲੱਖ ਅਮਰੀਕਨ ਡਾਲਰ) ਹੋਇਆ। ਸੰਸਾਰ ਬੈਂਕ ਦੇ ਅੰਕੜਿਆਂ ਮੁਤਾਬਿਕ ਭਾਰਤ-ਪਾਕਿਸਤਾਨ ਵਿਚਾਲੇ 3,70,000 ਲੱਖ ਅਮਰੀਕਨ ਡਾਲਰ ਤਕ ਪਹੁੰਚਣ ਦੀ ਸੰਭਾਵਨਾ ਹੈ। ਕੁਝ ਹੋਰ ਅਧਿਐਨਾਂ ਅਨੁਸਾਰ ਦੋਹਾਂ ਦੇਸ਼ਾਂ ਵਿਚਕਾਰ ਸੰਭਾਵਿਤ ਵਪਾਰ 50,000 ਲੱਖ ਅਮਰੀਕਨ ਡਾਲਰਾਂ ਤੋਂ ਲੈ ਕੇ 4,20,000 ਅਮਰੀਕਨ ਡਾਲਰਾਂ ਤਕ ਹੋ ਸਕਦਾ ਹੈ। ਸਪੱਸ਼ਟ ਹੈ ਕਿ ਦੋਹਾਂ ਦੇਸ਼ਾਂ ਵਿਚਾਲੇ ਵਪਾਰ ਦੀਆਂ ਬਹੁਤ ਵੱਡੀਆਂ ਸੰਭਾਵਨਾਵਾਂ ਹਨ। ਪਰ ਅਣਸੁਖਾਵੇਂ ਸਬੰਧਾਂ ਕਾਰਨ ਅਜਿਹਾ ਨਹੀਂ ਹੋ ਰਿਹਾ। ਸਾਲ 2018-19 (ਵਪਾਰ ਬੰਦ ਹੋਣ ਤੋਂ ਪਹਿਲਾਂ ਵਾਲਾ ਸਾਲ) ਵਿਚ ਅਸਲ ਵਪਾਰ ਕੇਵਲ 26,143 ਲੱਖ ਅਮਰੀਕਨ ਡਾਲਰਾਂ ਦਾ ਹੀ ਹੋਇਆ ਜੋ ਸੰਭਾਵਿਤ ਵਪਾਰ ਤੋਂ ਬਹੁਤ ਹੀ ਘੱਟ ਹੈ। ਇਹ ਵੀ ਸੰਭਾਵਨਾ ਹੈ ਕਿ ਅਧਿਕਾਰਤ ਵਪਾਰ ਤੋਂ ਇਲਾਵਾ ਕੁਝ ਵਪਾਰ ਗੈਰ-ਕਾਨੂੰਨੀ, ਗੈਰ-ਰਸਮੀ ਅਤੇ ਵਿੰਗੇ-ਟੇਡੇ ਢੰਗਾਂ ਰਾਹੀਂ ਹੋ ਰਿਹਾ ਹੋਵੇ। ਜੇਕਰ ਸੰਭਾਵਿਤ ਵਪਾਰ ਦੇ ਨੇੜੇ-ਤੇੜੇ ਪਹੁੰਚਿਆ ਜਾ ਸਕੇ ਤਾਂ ਦੋਵੇਂ ਦੇਸ਼ (ਦੂਜੇ ਦੇਸ਼ਾਂ ਦੇ ਮੁਕਾਬਲੇ) ਘੱਟ ਉਤਪਾਦਨ ਲਾਗਤਾਂ ਅਤੇ ਬਹੁਤ ਹੀ ਘੱਟ ਢੋਅ-ਢੁਆਈ ਅਤੇ ਲੱਦ-ਲਦਾਈ ਲਾਗਤਾਂ (Transport and Transshipment costs) ਕਾਰਨ ਆਪਸੀ ਵਪਾਰ ਤੋਂ ਕਾਫੀ ਫਾਇਦਾ ਉਠਾ ਸਕਦੇ ਹਨ। ਆਪਸੀ ਵਪਾਰਕ ਅਤੇ ਆਰਥਿਕ ਨਿਰਭਰਤਾ ਵਧਣ ਨਾਲ ਦੋਹਾਂ ਦੇਸ਼ਾਂ ਦੇ ਕੁੜੱਤਣ-ਭਰਪੂਰ ਸਬੰਧਾਂ ਨੂੰ ਨਾਰਮਲ ਸਬੰਧਾਂ ਵਿਚ ਬਦਲਣ ਦੀ ਸੰਭਾਵਨਾ ਵੀ ਹੋ ਸਕਦੀ ਹੈ। ਫਲਸਰੂਪ ਜਿਥੇ ਸਰਹੱਦਾਂ ਦੀ ਰਾਖੀ ਉਪਰ ਕੀਤਾ ਜਾ ਰਿਹਾ ਖਰਚਾ ਘੱਟ ਸਕਦਾ ਹੈ, ਉਥੇ ਚਿਰਾਂ ਤੋਂ ਲਟਕਦੇ ਮੁੱਦਿਆਂ (ਕਸ਼ਮੀਰ ਅਤੇ ਆਤੰਕਵਾਦ) ਦੇ ਹੱਲ ਲਈ ਵੀ ਸੰਭਾਵਨਾ ਵਧ ਸਕਦੀ ਹੈ। ਇਸ ਤੋਂ ਇਲਾਵਾ ਦੱਖਣ-ਏਸ਼ੀਆ ਖੇਤਰੀ ਸਹਿਯੋਗ ਸੰਸਥਾ (South Asian Association for Regional Cooperation- SAARC) ਦੇ ਵਧਣ-ਫੁਲਣ ਲਈ ਵੀ ਸੁਖਾਵਾਂ ਮਾਹੌਲ ਸਿਰਜਿਆ ਜਾ ਸਕਦਾ ਹੈ।

### ਵਾਹਗਾ-ਅਟਾਰੀ ਸਰਹੱਦ ਰਾਹੀਂ ਵਪਾਰ ਬੰਦ ਹੋਣ ਦਾ ਪੰਜਾਬ ਨੂੰ ਨੁਕਸਾਨ

ਅਸਧਾਰਨ ਅੰਤਰ-ਰਾਸ਼ਟਰੀ ਬਾਰਡਰ ਕਾਰਨ ਪੰਜਾਬ ਵਿਚ ਨਿਵੇਸ਼ ਘੱਟ ਆ ਰਿਹਾ ਹੈ ਅਤੇ ਲੜਾਈਆਂ ਕਾਰਨ ਪੰਜਾਬ ਵਿਚਲੇ ਕਾਰਖ਼ਾਨੇ ਅਤੇ ਨਿਵੇਸ਼ (ਜਿਵੇਂ ਬਟਾਲੇ ਦਾ ਲੋਹਾ-ਉਦਯੋਗ, ਅੰਮ੍ਰਿਤਸਰ ਅਤੇ ਛੇਹਰਟਾ ਦੇ ਉਦਯੋਗ) ਪੰਜਾਬ ਤੋਂ ਬਾਹਰ ਚਲੇ ਗਏ। 1965 ਅਤੇ 1971 ਦੀਆਂ ਲੜਾਈਆਂ ਵਿਚ ਪੰਜਾਬ ਦਾ ਬਹੁਤ ਨੁਕਸਾਨ ਹੋਇਆ ਸੀ। ਸਰਹੱਦੀ 6 ਜ਼ਿਲ੍ਹਿਆਂ (ਜਿਹੜੇ ਭਾਰਤ-ਪਾਕਿ ਅੰਤਰ-ਰਾਸ਼ਟਰੀ ਸਰਹੱਦ ਨਾਲ 553 ਕਿਲੋਮੀਟਰ ਤਕ ਸਥਿਤ ਹਨ) ਵਿਚ ਪੂੰਜੀ ਨਿਵੇਸ਼ (ਦੂਜੇ ਜ਼ਿਲ੍ਹਿਆਂ ਦੇ ਮੁਕਾਬਲੇ) ਵੀ ਬਹੁਤ ਘੱਟ ਹੈ। ਸਰਹੱਦੀ ਜ਼ਿਲ੍ਹਿਆਂ ਦੇ ਖੇਤੀ ਖੇਤਰ ਦੇ ਸੰਭਾਵਿਤ ਵਿਕਾਸ ਉਪਰ ਵੀ ਸਰਹੱਦ ਦਾ ਮਾੜਾ ਪ੍ਰਭਾਵ ਪੈ ਰਿਹਾ ਹੈ। ਕੰਡਿਆਲੀ ਤਾਰ ਅਤੇ ਸਰਹੱਦ ਦੇ ਵਿਚਾਲੇ ਵਾਲੇ ਕਿਸਾਨ ਆਪਣੇ ਖੇਤਾਂ ਵਿਚ ਇਕ ਸੀਮਿਤ ਸਮੇ ਦੌਰਾਨ ਹੀ ਕੰਮ ਕਰ

ਸਕਦੇ ਹਨ। ਇਸ ਖਿੱਤੇ ਵਿਚ ਸਿਹਤ ਤੇ ਸਿਖਿਆ ਨਾਲ ਸਬੰਧਿਤ ਸੇਵਾਵਾਂ ਦਾ ਪੱਧਰ ਵੀ ਦੂਜੇ ਜ਼ਿਲ੍ਹਿਆਂ ਦੇ ਮੁਕਾਬਲੇ ਨੀਵਾਂ ਹੈ। ਫ਼ਲਸਰੂਪ ਮਨੁੱਖੀ ਵਿਕਾਸ ਸੂਚਕ ਅੰਕ ਵੀ ਦੂਜੇ ਜ਼ਿਲ੍ਹਿਆਂ ਨਾਲੋਂ ਨੀਵਾਂ ਹੈ। ਇਸਦਾ ਮਾੜਾ ਪ੍ਰਭਾਵ ਪੰਜਾਬ ਦੀ ਸਮੁੱਚੀ ਆਰਥਿਕਤਾ ਉਪਰ ਪੈ ਰਿਹਾ ਹੈ। ਵਰਣਨਯੋਗ ਹੈ ਕਿ ਪੰਜਾਬ ਵਿਚ ਪਿਛਲੇ ਲਗਭਗ ਤਿੰਨ ਦਹਾਕਿਆਂ ਤੋਂ ਨਿਵੇਸ-ਆਮਦਨ ਅਨੁਪਾਤ ਦੇਸ਼ ਦੀ ਔਸਤ ਨਾਲੋਂ ਬਹੁਤ ਹੇਠਾਂ ਰਹੀ ਹੈ। ਪਿਛਲੇ ਲਗਪਗ ਤਿੰਨ ਦਹਾਕਿਆਂ ਤੋਂ ਪੰਜਾਬ ਦੇ ਆਰਥਿਕ ਵਿਕਾਸ ਦੀ ਦਰ ਦੇਸ਼ ਦੀ ਔਸਤ ਵਿਕਾਸ ਦਰ ਨਾਲੋਂ ਘੱਟ ਰਹਿਣ ਪਿੱਛੇ ਇਹ ਇਕ ਵੱਡਾ ਕਾਰਨ ਹੈ। ਸਰਹੱਦੀ ਸੂਬੇ ਦੀਆਂ ਸੀਮਾਵਾਂ (constraints) ਤੋਂ ਇਲਾਵਾ ਪੰਜਾਬ ਸਰਕਾਰ ਦੀਆਂ ਗੈਰ-ਜ਼ਿੰਮੇਵਰਾਨਾ ਨੀਤੀਆਂ ਅਤੇ ਕੇਂਦਰ ਸਰਕਾਰ ਦੀਆਂ ਵਿਤਕਰੇ ਵਾਲੀਆਂ ਨੀਤੀਆਂ (ਗੁਆਂਡੀ ਸੂਬਿਆਂ ਨੂੰ ਵਿਸ਼ੇਸ਼ ਸਹੂਲਤਾਂ ਅਤੇ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਨੂੰ ਵਿਸ਼ੇਸ਼ ਸਹੂਲਤਾਂ ਤੋਂ ਵਾਂਝਿਆ ਰਖਣਾ) ਵੀ ਇਸਦੇ ਮਹੱਤਵਪੂਰਨ ਕਾਰਨ ਹਨ। ਦੂਜੇ ਸੂਬਿਆਂ ਦੇ ਮੁਕਾਬਲੇ ਪੰਜਾਬ ਦੀ ਘੱਟ ਪ੍ਰਤੀ-ਜੀਅ ਆਮਦਨ ਅਤੇ ਵਧ ਰਹੀ ਬੇਰੁਜਗਾਰੀ ਪਿੱਛੇ ਵੀ ਇਹੀ ਮੁੱਖ ਕਾਰਨ ਹਨ। ਇਥੇ ਇਹ ਦੱਸਣਾ ਵਾਜ਼ਬ ਹੋਵੇਗਾ ਕਿ ਕਿਸੇ ਵੀ ਖਿੱਤੇ ਦੇ ਆਰਥਿਕ ਵਿਕਾਸ ਲਈ ਨਿਵੇਸ਼-ਆਮਦਨ ਅਨੁਪਾਤ ਦਾ ਵਧਣਾ ਬਹੁਤ ਲਾਜ਼ਮੀ ਹੈ। ਪਰ ਹਕੀਕਤ ਇਹ ਹੈ ਕਿ ਪੰਜਾਬ ਵਿਚ ਇਹ ਵਧ ਨਹੀਂ ਰਿਹਾ।

ਅਗਸਤ 2019 ਦੀ ਵਪਾਰ-ਬੰਦੀ ਤੋਂ ਪਹਿਲਾਂ ਵਾਲੇ ਪੰਜ ਸਾਲਾਂ ਦੌਰਾਨ ਭਾਰਤ-ਪਾਕਿਸਤਾਨ ਦਰਮਿਆਨ ਸਮੁੱਚਾ ਔਸਤ ਵਪਾਰ 16383 ਕਰੋੜ ਰੁਪਏ ਸਲਾਨਾ ਸੀ, ਇਸ ਵਿਚੋਂ ਤਕਰੀਬਨ 25 ਫੀਸਦੀ ਵਪਾਰ ਵਾਹਗਾ-ਅਟਾਰੀ ਰਸਤੇ ਤੋਂ ਹੋ ਰਿਹਾ ਸੀ। ਸਪੱਸ਼ਟ ਹੈ ਕਿ ਪਿਛਲੇ ਪੰਜ ਸਾਲਾਂ ਤੋਂ ਦੋਹਾਂ ਦੇਸ਼ਾਂ ਵਿਚਾਲੇ ਵਾਹਗਾ-ਅਟਾਰੀ ਬਾਰਡਰ ਰਾਹੀਂ ਵਪਾਰ ਬਿਲਕੁਲ ਬੰਦ ਪਿਆ ਹੈ। ਪਾਕਿਸਤਾਨ ਤੋਂ ਦਰਾਮਦਾਂ ਵਿਚ ਮੁੱਖ ਤੌਰ ’ਤੇ ਸ਼ੁਆਰੇ, ਸੀਮਿੰਟ, ਸੋਡਾ, ਸੀਸਾ, ਜਿਪਸਮ, ਰਾਕ-ਸਾਲਟ, ਐਲੂਮੀਨੀਅਮ ਧਾਤ, ਚੂਨਾ-ਪੱਥਰ, ਮਸਾਲੇ, ਜੜ੍ਹੀਆਂ-ਬੂਟੀਆਂ ਅਤੇ ਹੋਰ ਬਹੁਤ ਸਾਰੀਆਂ ਵਸਤਾਂ ਸ਼ਾਮਿਲ ਹਨ। ਭਾਰਤ ਤੋਂ ਬਰਾਮਦ ਹੋਣ ਵਾਲੀਆਂ ਵਸਤਾਂ ਵਿਚ ਸੂਤੀ ਧਾਗਾ, ਮੀਟ, ਸੋਇਆਬੀਨ, ਖੇਤੀਬਾੜੀ-ਸੰਦ, ਪੋਲੀਈਥੀਲੀਨ ਅਤੇ ਹੋਰ ਬਹੁਤ ਸਾਰੀਆਂ ਵਸਤਾਂ ਸ਼ਾਮਿਲ ਹਨ। ਜੇਕਰ ਦੋਹਾਂ ਦੇਸ਼ਾਂ ਦੇ ਆਪਸੀ ਸਬੰਧ ਸੁਖਾਵੇਂ ਹੁੰਦੇ ਹਨ ਤਾਂ ਭਾਰਤ/ਪੰਜਾਬ ਮੱਧ ਏਸ਼ੀਆ (Central Asia) ਦੇ ਹੋਰ ਬਹੁਤ ਸਾਰੇ ਦੇਸ਼ਾਂ ਅਤੇ ਯੂਰੇਸ਼ੀਆਂ ਦੇ ਸਾਰੇ ਦੇਸ਼ਾਂ ਨਾਲ ਜ਼ਮੀਨੀ ਰਸਤੇ ਵਪਾਰ ਕਰ ਸਕਦਾ ਹੈ।

ਪਾਕਿਸਤਾਨ ਨਾਲ ਅਣਸੁਖਾਵੇਂ ਸਬੰਧਾਂ ਦੇ ਚਲਦਿਆਂ ਭਾਰਤ ਨੇ ਮੱਧ-ਏਸ਼ੀਆ ਅਤੇ ਯੂਰੇਸ਼ੀਆ ਦੇ ਦੇਸ਼ਾਂ ਤਕ ਵਪਾਰਕ ਪਹੁੰਚ ਵਧਾਉਣ ਲਈ ਇਰਾਕ ਵਿਚ ਚਾਬਾਹਾਰ ਬੰਦਰਗਾਹ ਦਾ ਨਿਰਮਾਣ ਕਰ ਲਿਆ ਹੈ। ਇਸੇ ਤਰ੍ਹਾਂ ਭਾਰਤ-ਮੱਧ ਪੂਰਬ ਯੂਰਪ ਕੌਰੀਡੋਰ (IMEEC) ਬਣਾਉਣ ਲਈ ਵੀ ਗੱਲਬਾਤ ਚੱਲ ਰਹੀ ਹੈ। ਉਪਰੋਕਤ ਦੋਹਾਂ ਰਸਤਿਆਂ ਦਾ ਭਾਰਤ ਨੂੰ ਲਾਜ਼ਮੀ ਫਾਇਦਾ ਹੋਵੇਗਾ। ਪਰ ਪੰਜਾਬ ਵਰਗੇ ਸਰਹੱਦੀ ਅਤੇ ਜ਼ਮੀਨ-ਬੰਦ (Land Locked) ਸੂਬਿਆਂ ਨੂੰ ਇਹ ਰਸਤੇ ਬਾਈਪਾਸ ਕਰ ਜਾਣਗੇ। ਫਲਸਰੂਪ ਪੰਜਾਬ ਅਜਿਹੇ ਕਿਸੇ ਵੀ ਲਾਭ ਤੋਂ ਵੰਚਿਤ ਰਹਿ ਜਾਵੇਗਾ। ਭਾਰਤ ਨੂੰ ਪੰਜਾਬ ਦੀ ਰਣਨੀਤਕ-ਭੂਗੋਲਿਕ ਅਤੇ ਰਾਜਨੀਤਕ ਸਥਿਤੀ ਦੇ ਮੱਦੇ-ਨਜ਼ਰ ਦੇਸ਼ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਪਾਕਿਸਤਾਨ ਨਾਲ ਸਬੰਧ ਨਾਰਮਲ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨੀ ਜਾਰੀ ਰੱਖਣੀ ਚਾਹੀਦੀ ਹੈ। ਇਸ ਨਾਲ ਸਿੱਖਿਆ ਅਤੇ ਸਿਹਤ ਸੇਵਾਵਾਂ ਦਾ ਆਦਾਨ-ਪ੍ਰਦਾਨ (Health and Educational Tourism) ਵਧ ਸਕਦਾ ਹੈ। ਧਾਰਮਿਕ ਸੈਰ ਸਪਾਟਾ ਵਧਣ ਦੀ ਵੀ ਬਹੁਤ ਸੰਭਾਵਨਾ ਹੈ ਕਿਉਂਕਿ ਦੋਹਾਂ ਦੇਸ਼ਾਂ ਦੇ ਬਾਸ਼ਿੰਦਿਆਂ ਦੇ (ਖਾਸ ਕਰਕੇ ਪੱਛਮੀ ਅਤੇ ਪੂਰਬੀ ਪੰਜਾਬ ਦੇ) ਮਹੱਤਵਪੂਰਨ ਧਾਰਮਿਕ ਅਸਥਾਨ ਇਕ-ਦੂਜੇ ਦੇਸ਼ ਵਿਚ ਹਨ।

ਉਪਰੋਕਤ ਬਿਰਤਾਂਤ ਤੋਂ ਸਪੱਸ਼ਟ ਹੈ ਕਿ ਵਾਹਗਾ-ਅਟਾਰੀ ਰਸਤੇ ਭਾਰਤ-ਪਾਕਿਸਤਾਨ ਵਪਾਰ ਬੰਦ ਹੋਣ ਕਾਰਨ ਪੰਜਾਬ ਦੀ ਆਰਥਿਕਤਾ ਉਪਰ ਹਮੇਸ਼ਾ ਹੀ ਮਾੜਾ ਅਸਰ ਪੈਂਦਾ ਹੈ। ਅਜ਼ਾਦੀ ਤੋਂ ਲੈ ਕੇ ਹੁਣ ਤਕ ਪੈਣ ਵਾਲੇ ਆਰਥਿਕ ਘਾਟੇ ਦਾ ਕੋਈ ਪੁਖਤਾ ਅਧਿਐਨ ਨਹੀਂ ਮਿਲਦਾ। ਪਰ ਇਕ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਜੇਕਰ ਵਾਹਗਾ-ਅਟਾਰੀ ਰਸਤੇ ਵਪਾਰ ਵਿਚ ਸੰਭਵਿਤ ਵਾਧਾ ਹੁੰਦਾ ਹੈ ਤਾਂ ਪੰਜਾਬ ਅਤੇ ਇਸਦੇ ਗੁਆਂਢੀ ਸੂਬਿਆਂ ਨੂੰ ਬਹੁਤ ਫਾਇਦਾ ਹੋਵੇਗਾ। ਦਿਹਾਤੀ ਅਤੇ ਸਨਅਤੀ ਵਿਕਾਸ ਖੋਜ ਕੇਂਦਰ (CRRID), ਚੰਡੀਗੜ੍ਹ ਵਲੋਂ 2019-20 ਦੌਰਾਨ ਕੀਤੇ ਗਏ ਅਧਿਐਨ ਵਿਚ ਪੰਜਾਬ ਨੂੰ ਹੋਣ ਵਾਲੇ ਆਰਥਿਕ ਘਾਟੇ ਦੇ ਮੋਟੇ-ਮੋਟੇ ਅੰਦਾਜ਼ੇ ਲਾਏ ਗਏ ਸਨ। ਸਾਡੇ ਦੁਆਰਾ ਕੀਤੇ ਇਸ ਅਧਿਐਨ ਤੋਂ ਪਤਾ ਲੱਗਿਆ ਕਿ ਪਾਕਿਸਤਾਨ ਨਾਲ ਵਾਹਗਾ-ਅਟਾਰੀ ਰਸਤੇ ਵਪਾਰ ਬੰਦ ਹੋਣ ਨਾਲ ਪੰਜਾਬ ਦੇ ਬਰਾਮਦਕਾਰਾਂ, ਦਰਾਮਦਕਾਰਾਂ, ਨਿਰਮਾਣ ਕਾਰਾਂ, ਟਰੱਕ ਅਪਰੇਟਰਾਂ, ਕੁਲੀਆਂ, ਢਾਬਿਆਂ, ਪੈਟਰੋਲ ਪੰਪਾਂ, ਤੋਲ-ਕੰਡਿਆਂ, ਪਰਚੂਨ ਤੇ ਥੋਕ ਵਿਕਰੇਤਾਵਾਂ, ਨਿੱਜੀ ਖੇਤਰ ਦੇ ਸਕੂਲਾਂ, ਸਿਹਤ-


ISSN : 2395-1273

ਕਲੀਨਿਕਾਂ, ਆਟੋ ਰਿਪੇਅਰ ਅਤੇ ਆਟੋ ਡੀਲਰਾਂ, ਸ਼ਰਾਬ, ਚਾਹ ਅਤੇ ਹੋਰ ਕਾਰੋਬਾਰੀਆਂ ਆਦਿ ਨੂੰ ਭਾਰੀ ਨੁਕਸਾਨ ਹੋਇਆ। ਉਦਮੀ, ਟਰੱਕ ਮਾਲਕ ਅਤੇ ਵਪਾਰੀ ਆਪਣੇ ਕਰਜ਼ਿਆਂ ਦੀਆਂ ਕਿਸ਼ਤਾਂ ਮੋੜਨ ਤੋਂ ਅਸਮਰੱਥ ਹੋ ਗਏ ਹਨ। ਬਹੁਤ ਸਾਰੇ ਟਰੱਕ ਮਾਲਕਾਂ ਨੂੰ ਕਰਜ਼ੇ ਦੀਆਂ ਕਿਸ਼ਤਾਂ ਮੋੜਨ ਲਈ ਆਪਣੇ ਟਰੱਕ ਬੇਹੱਦ ਘੱਟ ਕੀਮਤਾਂ ਉਪਰ ਵੇਚਣੇ ਪਏ। ਬਹੁਤ ਸਾਰੇ ਮਾਪਿਆਂ ਨੂੰ ਆਪਣੇ ਬੱਚੇ ਪ੍ਰਾਈਵੇਟ ਸਕੂਲਾਂ ਤੋਂ ਹਟਾਉਣੇ ਪਏ, ਗੰਭੀਰ ਬੀਮਾਰੀਆਂ ਦੀ ਲਪੇਟ ਵਿਚ ਆਏ ਕਈ ਵਿਅਕਤੀਆਂ ਨੂੰ ਇਲਾਜ ਕਰਾਉਣਾ ਮੁਸ਼ਕਿਲ ਹੋ ਗਿਆ। ਇਸ ਤੋਂ ਇਲਾਵਾ ਰੁਜ਼ਗਾਰ ਖੁੱਸਣ ਅਤੇ ਵਪਾਰ ਅਤੇ ਹੋਰ ਗਤੀਵਿਧੀਆਂ ਵਿਚ ਘਾਟਾ ਪੈਣ ਨਾਲ ਕਈ ਲੋਕ ਮਾਨਸਿਕ ਬੀਮਾਰੀਆਂ ਦਾ ਸ਼ਿਕਾਰ ਹੋ ਗਏ। ਅੰਮ੍ਰਿਤਸਰ ਨੂੰ ਖਾਸ ਕਰਕੇ ਤੇ ਸਮੁੱਚੇ ਪੰਜਾਬ ਨੂੰ ਆਮ ਕਰਕੇ ਇਸਦਾ ਨੁਕਸਾਨ ਹੋਇਆ ਹੈ। ਪੰਜਾਬ ਦੇ ਮਾਲਵਾ ਖੇਤਰ ਵਿਚਲੇ ਖੇਤੀ ਸੰਦ ਤਿਆਰ ਕਰਨ ਵਾਲੇ ਨਿਰਮਾਤਾਵਾਂ ਅਤੇ ਕਾਰੋਬਾਰੀਆਂ ਨੂੰ 100 ਕਰੋੜ ਰੁਪਏ ਤਕ ਦੇ ਆਰਡਰ ਛੱਡਣੇ ਪਏ। ਵਰਣਨਯੋਗ ਹੈ ਕਿ ਇਨ੍ਹਾਂ ਖੇਤੀ ਸੰਦਾਂ ਦੀ ਪਾਕਿਸਤਾਨ ਵਿਚ ਭਾਰੀ ਮੰਗ ਹੈ। ਸੂਤੀ-ਧਾਗਾ ਬਰਾਮਦਕਾਰਾਂ (ਉਦਾਹਰਣ ਦੇ ਤੌਰ 'ਤੇ ਨਾਹਰ ਸਪਿਨਿੰਗ ਮਿਲਜ਼ ਅਤੇ ਵਰਧਮਾਨ ਗਰੁੱਪ ਲੁਧਿਆਣਾ) ਨੂੰ ਵਪਾਰ ਬੰਦ ਹੋਣ ਕਰਕੇ ਨੁਕਸਾਨ ਝੱਲਣਾ ਪੈ ਰਿਹਾ ਹੈ। ਵਾਹਗਾ-ਅਟਾਰੀ ਸਰਹੱਦ ਰਾਹੀਂ ਵਪਾਰ-ਬੰਦੀ ਕਾਰਨ ਬਹੁਤ ਹੀ ਦਰਮਿਆਨੇ ਅੰਦਾਜ਼ੇ ਮੁਤਾਬਿਕ ਪੰਜਾਬ ਨੂੰ ਪਿਛਲੇ ਪੰਜ ਸਾਲਾਂ ਦੌਰਾਨ (ਅਗਸਤ 2019 ਤੋਂ ਅਗਸਤ 2024) ਤਕ ਕੋਈ 7013 ਕਰੋੜ ਰੁਪਏ ਦਾ ਆਰਥਿਕ ਨੁਕਸਾਨ ਝੱਲਣਾ ਪਿਆ ਹੈ। ਇਸ ਰਾਸ਼ੀ ਵਿਚ ਨਿਰਮਾਤਾ-ਬਰਾਮਦਕਾਰਾਂ ਅਤੇ ਟਰਾਂਸਪੋਟਰਾਂ ਨੂੰ ਹੋਇਆ ਵਿੱਤੀ ਨੁਕਸਾਨ ਸ਼ਾਮਿਲ ਨਹੀਂ ਹੈ। ਸਿੱਧੇ ਤੌਰ 'ਤੇ ਲਗਭਗ 12000 ਤੋਂ 15000 ਵਰਕਰਾਂ (ਜਿਨ੍ਹਾਂ ਵਿਚ 2500 ਕੁਲੀ ਤੇ 1000 ਡਰਾਈਵਰ ਤੇ ਕਲੀਨਰ ਸ਼ਾਮਿਲ ਹਨ) ਦਾ ਰੁਜ਼ਗਾਰ ਖ਼ਤਮ ਹੋ ਗਿਆ। ਵਪਾਰ-ਬੰਦੀ ਕਾਰਨ ਅਸਿੱਧੇ ਤੌਰ 'ਤੇ ਵੀ ਕਾਫੀ ਰੁਜ਼ਗਾਰ ਖਤਮ ਹੋਇਆ ਜਾਂ ਘਟਿਆ। ਹਜ਼ਾਰਾਂ ਪਰਿਵਾਰ ਰੋਜ਼ੀ-ਰੋਟੀ ਤੋਂ ਵਾਂਝੇ ਹੋ ਗਏ। ਸਰਹੱਦੀ ਜ਼ਿਲ੍ਹਿਆਂ ਵਿਚ ਨਿਵੇਸ਼ ਦੀ ਘਾਟ ਕਾਰਨ ਉਨ੍ਹਾਂ ਜ਼ਿਲ੍ਹਿਆਂ ਦੇ ਵਿਕਾਸ ਉਪਰ ਖ਼ਾਸ ਕਰਕੇ ਅਤੇ ਪੰਜਾਬ ਦੀ ਸਮੁੱਚੀ ਆਰਥਿਕਤਾ ਉਪਰ ਆਮ ਕਰਕੇ ਮਾੜਾ ਪ੍ਰਭਾਵ ਪਿਆ ਹੈ। ਯਕੀਨਨ ਪਾਕਿਸਤਾਨੀ ਪੰਜਾਬ ਨੂੰ ਵੀ ਵਪਾਰ ਬੰਦੀ ਦਾ ਵੱਡਾ ਨੁਕਸਾਨ ਝੱਲਣਾ ਪੈ ਰਿਹਾ ਹੋਵੇਗਾ।

ਪੰਜਾਬ ਅਤੇ ਇਸਦੇ ਗੁਆਂਢੀ ਰਾਜਾਂ ਨੂੰ ਸਾਂਝੇ ਤੌਰ 'ਤੇ ਇਹ ਮੁੱਦਾ ਦਲੀਲਾਂ ਸਾਹਿਤ ਕੇਂਦਰ ਸਰਕਾਰ ਸਾਹਮਣੇ ਰੱਖਣਾ ਚਾਹੀਦਾ ਹੈ ਕਿਉਂਕਿ ਕੇਂਦਰ ਦੀ ਸਹਿਮਤੀ ਤੋਂ ਬਿਨਾਂ ਭਾਰਤ-ਪਾਕਿ ਵਪਾਰ ਨਾ ਤਾਂ ਖੁੱਲ੍ਹ ਸਕਦਾ ਹੈ ਤੇ ਨਾ ਹੀ ਵਧ-ਫੁਲ ਸਕਦਾ ਹੈ। ਇਨ੍ਹਾਂ ਰਾਜਾਂ ਦੇ ਸੰਸਦ ਮੈਂਬਰਾਂ ਨੂੰ ਸੰਸਦ ਵਿਚ ਵੀ ਇਹ ਮਾਮਲਾ ਚੁੱਕਣਾ ਚਾਹੀਦਾ ਹੈ ਤਾਂ ਕਿ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਆਪਸੀ ਸੰਵਾਦ ਆਰੰਭ ਕਰਕੇ ਇਸਦਾ ਪੁਖਤਾ ਹੱਲ ਲੱਭਣ ਲਈ ਸਹਿਮਤ ਕੀਤਾ ਜਾ ਸਕੇ। ਚਾਬਾਹਾਰ ਬੰਦਰਗਾਹ ਅਤੇ ਆਈ.ਐਮ.ਈ.ਈ.ਸੀ. ਰਾਹੀਂ ਬਦਲਵੇਂ (ਪਾਕਿਸਤਾਨ ਨੂੰ ਬਾਈਪਾਸ ਕਰਕੇ) ਮਾਰਗ ਹੋਣ ਦੇ ਬਾਵਜੂਦ ਵੀ ਪਾਕਿਸਤਾਨ ਤੇ ਅਫ਼ਗਾਨਿਸਤਾਨ ਰਾਹੀਂ ਮੱਧ ਏਸ਼ੀਆ ਅਤੇ ਯੂਰੇਸ਼ੀਆ ਦੇ ਦੇਸ਼ਾਂ ਨੂੰ ਜਾਂਦੇ ਇਸ ਜ਼ਮੀਨੀ ਮਾਰਗ (ਵਾਹਗਾ-ਅਟਾਰੀ ਸਰਹੱਦ ਰਾਹੀਂ) ਦੀ ਬਿਨ੍ਹਾਂ ਸ਼ੱਕ ਬਹੁਤ ਅਹਿਮੀਅਤ ਹੈ। ਇਸ ਦੇ ਨਾਲ ਹੀ ਅਟਾਰੀ ਚੈਕ ਪੋਸਟ ਦਾ ਹੋਰ ਵਿਸਥਾਰ ਕਰਕੇ ਇਸ ਨੂੰ ਮਹੱਤਵਪੂਰਨ ਖੁਸ਼ਕ ਬੰਦਰਗਾਹ ਵਜੋਂ ਵਿਕਸਤ ਕੀਤਾ ਜਾਵੇ। ਪੰਜਾਬ ਦੀ ਭੂਗੋਲਿਕ-ਰਾਜਨੀਤਕ ਸਥਿਤੀ ਤੇ ਭਾਰਤ ਦੇ ਕੌਮੀ ਸੁਰੱਖਿਆ ਫਿਕਰਾਂ ਦੇ ਮੱਦੇਨਜ਼ਰ, ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਅਤੇ ਪੰਜਾਬ ਦਾ ਸਮੁੱਚਾ ਵਿਕਾਸ ਭਾਰਤ ਦੇ ਰਣਨੀਤਕ ਹਿੱਤਾਂ ਅਹਿਮ ਮਹਤੱਤਾ ਰੱਖਦਾ ਹੈ।

ਇਸ ਲਈ ਸਮੇ ਦੀ ਲੋੜ ਹੈ ਕਿ ਦੋਵੇਂ ਗੁਆਂਢੀ ਦੇਸ਼ ਆਪਸੀ ਵੈਰ-ਵਿਰੋਧ ਅਤੇ ਕੁੜੱਤਣ ਵਾਲੇ ਸਬੰਧਾਂ ਤੋਂ ਉਪਰ ਉੱਠ ਕੇ ਆਪਣੇ ਅਤੇ ਦੱਖਣ-ਏਸ਼ੀਆ ਦੇ ਆਰਥਿਕ ਅਤੇ ਰਾਜਨੀਤਕ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਸ਼ਾਂਤੀ ਅਤੇ ਆਪਸੀ ਸਹਿਯੋਗ ਵੱਲ ਕਦਮ ਵਧਾਉਣ। ਆਪਸੀ ਗੱਲਬਾਤ ਰਾਹੀਂ ਪ੍ਰਵਾਨਿਤ ਅਤੇ ਪੁਖਤਾ ਹੱਲ 'ਤੇ ਅੱਪੜਨ ਵਿਚ ਹੋਰ ਦੇਰੀ ਕਰਨ ਨਾਲ ਮਸਲੇ ਦਿਨ-ਬ-ਦਿਨ ਉਲਝ ਰਹੇ ਹਨ। ਪਹਿਲਾਂ ਹੀ ਭਾਰਤ-ਪਾਕਿ ਦੇ ਆਪਸੀ ਕੁੜੱਤਣ ਭਰੇ ਸਬੰਧਾਂ ਕਾਰਨ ਚੀਨ ਨੂੰ ਥਾਂ ਮਿਲ ਗਈ ਹੈ। ਆਪਸੀ ਵੈਰ-ਵਿਰੋਧ ਕਰਕੇ ਦੋਵਾਂ ਦੇਸ਼ਾਂ ਨੇ ਭਾਰੀ ਵਿੱਤੀ ਅਤੇ ਮਾਨਵੀ ਨੁਕਸਾਨ ਉਠਾਇਆ ਹੈ ਅਤੇ ਉਠਾ ਰਹੇ ਹਨ। ਇਸ ਦਾ ਸਿੱਖਿਆ, ਸਿਹਤ ਅਤੇ ਗਰੀਬੀ ਜਿਹੇ ਮੂਲ ਵਿਕਾਸ ਮੁੱਦਿਆਂ ਉਪਰ ਮਾੜਾ ਅਸਰ ਪਿਆ ਹੈ, ਖਾਸ ਕਰਕੇ ਪਾਕਿਸਤਾਨ ਵਿਚ, ਜੋ ਇਸ ਸਮੇਂ ਗੰਭੀਰ ਆਰਥਿਕ ਸਥਿਤੀ ਵਿਚੋਂ ਗੁਜ਼ਰ ਰਿਹਾ ਹੈ। ਗੁਆਂਢੀ ਮੁਲਕਾਂ ਨਾਲ ਸੁਖਾਵੇਂ ਸਬੰਧ ਭਾਰਤ ਦੇ ਵੱਡੇ ਹਿੱਤ ਵਿਚ ਹਨ ਕਿਉਂਕਿ ਭਾਰਤ ਦੱਖਣ ਏਸ਼ੀਆ ਦੇ ਦੂਜੇ ਦੇਸ਼ਾਂ ਦੇ ਮੁਕਾਬਲੇ ਹਰ ਲਿਹਾਜ ਨਾਲ ਵੱਡਾ ਹੈ। ਭਾਰਤ ਦੀਆਂ ਵਿਕਸਤ ਦੇਸ਼ ਬਣਨ ਦੀਆਂ ਸੰਭਾਵਨਾਵਾਂ ਅਤੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਵੀ ਗੁਆਂਢੀ ਮੁਲਕਾਂ ਨਾਲ ਸੁਖਾਵੇਂ ਸਬੰਧ ਬਣਾਉਣ ਦੀ ਅਹਿਮ ਲੋੜ ਹੈ।